# Official Spokesperson's response to media queries on the situation in the western sector of the India-China border

June 16, 2020

……………………………………………………………………………………………..

## ਭਾਰਤ-ਚੀਨ ਸਰਹੱਦ ਦੇ ਪੱਛਮੀ ਖੇਤਰ ਵਿੱਚ ਹਾਲਾਤ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

16 ਜੂਨ, 2020

**ਭਾਰਤ-ਚੀਨ ਸਰਹੱਦ ਦੇ ਪੱਛਮੀ ਖੇਤਰ ਵਿੱਚ ਹਾਲਾਤ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ,**

"ਭਾਰਤ ਅਤੇ ਚੀਨ ਫੌਜੀ ਅਤੇ ਕੂਟਨੀਤਕ ਚੈਨਲਾਂ ਰਾਹੀਂ ਪੂਰਬੀ ਲੱਦਾਖ ਦੇ ਸਰਹੱਦੀ ਖੇਤਰ ਅੰਦਰ ਹਾਲਾਤ ਦਾ ਡੀ -ਐਸਕੇਲੇਸ਼ਨ ਕਰਨ ਬਾਰੇ ਗੱਲਬਾਤ ਕਰਦੇ ਰਹੇ ਹਨ।

6 ਜੂਨ, 2020 ਨੂੰ ਸੀਨੀਅਰ ਕਮਾਂਡਰਾਂ ਦੀ ਹੋਈ ਲਾਭਕਾਰੀ ਬੈਠਕ ਦੌਰਾਨ ਡੀ-ਐਸਕੇਲੇਸ਼ਨ ਦੀ ਪ੍ਰਕਿਰਿਆ ਉੱਤੇ ਸਹਿਮਤੀ ਪ੍ਰਗਟਾਈ ਗਈ। ਇਸ ਤੋਂ ਬਾਅਦ ਜ਼ਮੀਨੀ ਕਮਾਂਡਰਾਂ ਨੇ ਉੱਚ ਪੱਧਰੀ 'ਤੇ ਹੋਈ ਸਹਿਮਤੀ ਨੂੰ ਲਾਗੂ ਕਰਨ ਲਈ ਕਈ ਬੈਠਕਾਂ ਕੀਤੀਆਂ।

ਸਾਨੂੰ ਉਮੀਦ ਸੀ ਕਿ ਇਹ ਕੰਮ ਸੁਚਾਰੂ ਢੰਗ ਨਾਲ ਹੋ ਜਾਵੇਗਾ, ਪਰੰਤੂ ਚੀਨੀ ਪੱਖ ਗਲਵਾਨ ਘਾਟੀ ਅੰਦਰ ਅਸਲ ਕੰਟਰੋਲ ਰੇਖਾ (LAC) ਦਾ ਸਨਮਾਨ ਕਰਨ ਬਾਰੇ ਸਹਿਮਤੀ ਤੋਂ ਪਿਛੇ ਹਟ ਗਿਆ।

15 ਜੂਨ, 2020 ਦੀ ਦੇਰ ਸ਼ਾਮ ਅਤੇ ਰਾਤ ਨੂੰ ਚੀਨੀ ਪੱਖ ਵਲੋਂ ਹਾਲਾਤ ਨੂੰ ਇੱਕਤਰਫਾ ਬਦਲਣ ਦੀ ਕੋਸ਼ਿਸ਼ ਦੇ ਨਤੀਜੇ ਵਜੋਂ ਹਿੰਸਕ ਟਾਕਰਾ ਹੋਇਆ। ਦੋਵਾਂ ਧਿਰਾਂ ਨੂੰ ਜਾਨੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ, ਜਿਸ ਤੋਂ ਬਚਿਆ ਜਾ ਸਕਦਾ ਸੀ ਜੇਕਰ ਚੀਨੀ ਪੱਖ ਉੱਚ ਪੱਧਰੀ ਸਮਝੌਤੇ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ।

ਸਰਹੱਦੀ ਪ੍ਰਬੰਧਨ ਪ੍ਰਤੀ ਆਪਣੇ ਜ਼ਿੰਮੇਵਾਰ ਨਜ਼ਰੀਆਏ ਦੇ ਮੱਦੇਨਜ਼ਰ ਭਾਰਤ ਇਸ ਬਾਰੇ ਬਹੁਤ ਸਪਸ਼ਟ ਹੈ ਕਿ ਇਸ ਦੀਆਂ ਸਾਰੀਆਂ ਗਤੀਵਿਧੀਆਂ ਹਮੇਸ਼ਾ ਅਸਲ ਕੰਟਰੋਲ ਰੇਖਾ ਦੀ ਭਾਰਤੀ ਸਾਈਡ ਵਿੱਚ ਹੁੰਦੀਆਂ ਹਨ. ਇਸੇ ਵਿਹਾਰ ਦੀ ਉਮੀਦ ਅਸੀਂ ਚੀਨੀ ਪੱਖ ਤੋਂ ਵੀ ਕਰਦੇ ਹਾਂ।

ਸਰਹੱਦੀ ਇਲਾਕਿਆਂ ਵਿਚ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਅਤੇ ਗੱਲਬਾਤ ਰਾਹੀਂ ਮਤਭੇਦ ਹੱਲ ਕਰਨ ਦੀ ਲੋੜ ਵਿਚ ਸਾਡਾ ਪੱਕਾ ਯਕੀਨ ਹੈ. ਇਸ ਦੇ ਨਾਲ ਨਾਲ ਅਸੀਂ ਭਾਰਤ ਦੀ ਪ੍ਰਭੁਸੱਤਾ ਅਤੇ ਖੇਤਰੀ ਅਖੰਡਤਾ ਨੂੰ ਬਣਾਏ ਰੱਖਣ ਪ੍ਰਤੀ ਵੀ ਵਚਨਬੱਧ ਹਾਂ। "

ਨਵੀਂ ਦਿੱਲੀ
16 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.